PSOU/Reg/317

Date: 23/7/2021

**JAGAT GURU NANAK DEV PUNJAB STATE OPEN UNIVERSITY**
**PATIALA**
**(Established by Act No. 19 of 2019 of the Legislature of State of Punjab**

Jagat Guru Nanak Dev Punjab State Open University has its transit campus at C-28, The Lower Mall, Government Mohindra College, Patiala.

Further, the occupied area in the Transit Campus and in two other Blocks, One in State education college & other in Government Mohindra College (Agriculture Block), is 15,490 Sq. feet with details given as under:

1. Academic -------- 7660 Sq. feet
2. Administrative -----1590 Sq. feet
3. Academic Support as Lab, Reading Room, Computer Centre etc.-----4720 Sq. feet
4. Amenities or other Support facility----- 1520 Sq. feet

Registrar

Registrar
Jagat Guru Nanak Dev
Punjab State Open University
Patiala

ANNEXURE IV



## ਦਫ਼ਤਰ ਡਿਪਟੀ ਕਮਿਸ਼ਨਰ ਪਟਿਆਲਾ।

ਹੁਕਮ ਨੰ: 1664 /ਡੀ.ਏ
ਮਿਤੀ: 10-9-2021

**ਹੁਕਮ**

ਰਜਿਸਟਰਾਰ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਵੱਲੋਂ ਵਿਸ਼ੇਸ਼ ਸਕੱਤਰ ਉਚੇਰੀ ਸਿੱਖਿਆ ਵਿਭਾਗ ਦੇ ਪੱਤਰ ਮੀਮੋ ਨੰ:8/5/2019 ਸਿ-1/1226 ਮਿਤੀ 05-5-2021 ਰਾਹੀਂ ਜ਼ੋ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਗਿਆ ਹੈ, ਦੇ ਵੇਰਵੇ ਤਹਿਤ ਪੱਤਰ ਨੰ: Reg/PSOU/41 ਮਿਤੀ 10-5-2021 ਅਤੇ ਪੱਤਰ ਨੰ: Reg/PSOU/311 ਮਿਤੀ 26-2-2021 ਰਾਹੀਂ ਜਗਤ ਗੁਰੂ ਨਾਨਕ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਦੀ ਉਸਾਰੀ ਲਈ ਢੁਕਵੀ ਜਗ੍ਹਾ ਉਪਲੱਬਧ ਕਰਵਾਉਣ ਲਈ ਲਿਖਿਆ ਗਿਆ ਹੈ। ਇਸ ਸਬੰਧੀ ਉਹਨਾਂ ਵੱਲੋਂ ਇਹ ਵੀ ਲਿਖਿਆ ਗਿਆ ਹੈ ਕਿ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ ਲਈ ਫਰੀ ਆਫ਼ ਕਾਸਟ ਜਮੀਨ ਦੇਣ ਦੇ ਇਵਜ ਵਿੱਚ ਪਿੰਡ ਵਾਸੀਆਂ ਨੂੰ ਨਿਮਨ ਅਨੁਸਾਰ ਰਿਆਇਤਾਂ ਦੇਣ ਦੀ ਪ੍ਰਵਾਨਗੀ ਦਿੱਤੀ ਗਈ ਹੈ:-

> **"ਸਰਕਾਰ ਪਿੰਡ ਦੇ ਮੂਲ ਨਿਵਾਸੀਆਂ ਨੂੰ ਬਣਨ ਵਾਲੀ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਵਿੱਚ 2% ਕੋਟਾ ਕਲਾਸ ਸੀ ਵਿੱਚ ਅਤੇ 5% ਕੋਟਾ ਕਲਾਸ ਡੀ ਵਿੱਚ ਪਹਿਲ ਦੇ ਆਧਾਰ ਤੇ ਨੌਕਰੀਆਂ ਦੇਣ ਲਈ ਵਚਨਬੱਧ ਹੋਵੇਗੀ।"**

2. ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਪਟਿਆਲਾ ਵੱਲੋਂ ਪੱਤਰ ਨੰ:3700 ਮਿਤੀ 08-9-2021 ਰਾਹੀਂ ਗਰਾਮ ਪੰਚਾਇਤ ਤਰੌੜਾ ਕਲਾਂ ਦਾ ਮਤਾ ਮਿਤੀ 01-9-2021 ਭੇਜਦੇ ਹੋਏ ਲਿਖਿਆ ਗਿਆ ਹੈ ਕਿ ਗਰਾਮ ਪੰਚਾਇਤ ਤਰੌੜਾ ਕਲਾਂ ਆਪਣੀ ਸ਼ਾਮਲਾਤ ਜਮੀਨ ਵਿੱਚੋਂ 42 ਏਕੜ ਸ਼ਾਮਲਾਤ ਜਮੀਨ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ ਲਈ ਫਰੀ ਆਫ਼ ਕਾਸਟ/ਦਾਨ ਦੇਣ ਲਈ ਤਿਆਰ ਹੈ। ਗਰਾਮ ਪੰਚਾਇਤ ਵੱਲੋਂ ਮੰਗ ਕੀਤੀ ਗਈ ਹੈ ਕਿ ਪਿੰਡ ਵਾਸੀਆਂ ਨੂੰ ਯੂਨੀਵਰਸਿਟੀ ਵਿੱਚ ਦਾਖਲੇ ਦੀ ਛੋਟ ਦਿੱਤੀ ਜਾਵੇ, ਕਲਾਸ ਸੀ ਗਰੇਡ ਦੀਆਂ ਨੌਕਰੀਆਂ ਵਿੱਚ 2% ਕੋਟਾ ਕਲਾਸ ਡੀ ਗਰੇਡ ਦੀਆਂ ਨੌਕਰੀਆਂ ਵਿੱਚ 5% ਕੋਟਾ ਦਿੱਤਾ ਜਾਵੇ, ਪਿੰਡ ਦੇ ਵਿਦਿਆਰਥੀਆਂ ਨੂੰ ਦਾਖਲੇ ਤੇ ਫੀਸ ਸਬੰਧੀ ਵਿਸ਼ੇਸ਼ ਛੋਟ ਦਿੱਤੀ ਜਾਵੇ, ਪੰਜਾਬ ਸਰਕਾਰ ਪਿੰਡ ਦੇ ਸਰਬਪੱਖੀ ਵਿਕਾਸ ਕਰਵਾਉਣ ਲਈ ਸਪੈਸ਼ਲ ਗਰਾਂਟ ਮੁਹੱਈਆ ਕਰਵਾਏ ਅਤੇ ਪਿੰਡ ਵਿੱਚ ਪੰਜਾਬ ਪੱਧਰ ਦਾ ਖੇਡ ਸਟੇਡੀਅਮ ਬਣਾਇਆ ਜਾਵੇ।

3. ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋ ਜਾਰੀ **ਨੋਟੀਫਿਕੇਸ਼ਨ ਨੰਬਰ ਡੀ.ਪੀ.ਐਲ.ਡੀ-2/2010/34 ਮਿਤੀ 14.6.10 ਦੀ ਕਲਾਜ (ਐਫ) ਅਨੁਸਾਰ " for constructing any bulding by any department of the State Government"** ਲਈ ਗਰਾਮ ਪੰਚਾਇਤ ਦੀ ਸ਼ਾਮਲਾਤ ਜਮੀਨ ਦਾਨ ਦੇਣ ਦੀ ਪ੍ਰਵਾਨਗੀ ਦੇਣ ਦੇ ਅਧਿਕਾਰ ਡਿਪਟੀ ਕਮਿਸ਼ਨਰ ਨੂੰ ਦਿੱਤੇ ਹੋਏ ਹਨ।

4. ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਪਟਿਆਲਾ ਅਤੇ ਗਰਾਮ ਪੰਚਾਇਤ ਤਰੌੜਾ ਕਲਾਂ ਦੀ ਉਪਰੋਕਤ ਤਜਵੀਜ, ਜਗਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਮੈਂ ਕੁਮਾਰ ਅਮਿਤ, ਆਈ.ਏ.ਐਸ., ਡਿਪਟੀ ਕਮਿਸ਼ਨਰ ਪਟਿਆਲਾ ਉਕਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਇਆਂ ਗਰਾਮ ਪੰਚਾਇਤ ਤਰੌੜਾ ਕਲਾਂ, ਬਲਾਕ ਪਟਿਆਲਾ ਦੀ ਤਜਵੀਜ ਅਨੁਸਾਰ ਗ੍ਰਾਮ ਪੰਚਾਇਤ ਦੀ ਸ਼ਾਮਲਾਤ ਜਮੀਨ ਜਗਤ

ਚੱਲਦਾ ਪੰਨਾ ਨੰ:...2..ਤੇ



Scanned with CamScanner

ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ ਲਈ ਸਕੱਤਰ ਉਚੇਰੀ ਸਿੱਖਿਆ ਵਿਭਾਗ, ਪੰਜਾਬ ਦੇ ਨਾਮ ਪੰਜਾਬ ਵਿਲੇਜ਼ ਕਾਮਨ ਲੈਂਡਜ਼ (ਰੇਗੂਲੇਸ਼ਨ) ਰੂਲਜ 1964 ਦੇ ਰੂਲ 13(ਐਫ) ਅਨੁਸਾਰ ਹੇਠ ਲਿਖੇ ਅਨੁਸਾਰ ਗਿਫਟ ਕਰਨ ਦੀ ਪ੍ਰਵਾਨਗੀ ਦਿੰਦਾ ਹਾਂ:-

| ਗ੍ਰਾਮ ਪੰਚਾਇਤ ਦਾ ਨਾਂ | ਬਲਾਕ ਦਾ ਨਾਂ | ਵਿਭਾਗ ਜਿਸ ਨੂੰ ਜਮੀਨ ਤਬਦੀਲ ਕੀਤੀ ਜਾਣੀ ਹੈ। | ਮੰਤਵ |
|---|---|---|---|
| ਤਰੋੜਾ ਕਲਾਂ | ਪਟਿਆਲਾ | ਸਕੱਤਰ ਉਚੇਰੀ ਸਿੱਖਿਆ ਵਿਭਾਗ, ਪੰਜਾਬ | ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ |

**ਜਮਾਂਬੰਦੀ ਸਾਲ 2016-17 ਮੁਤਾਬਿਕ (ਖੇਵਟ ਨੰ:140/129, ਖਤੌਨੀ ਨੰ:221)**

| ਗ੍ਰਾਮ ਪੰਚਾਇਤ ਦਾ ਨਾਂ/ ਬਲਾਕ | ਖਸਰਾ ਨੰਬਰ ਬਿਘੇ-ਬਿਸਵੇ |
|---|---|
| ਤਰੋੜਾ ਕਲਾਂ/ ਪਟਿਆਲਾ | 732(6-17), 733(6-5), 734(6-5), 735(5-8), 736(4-2), 737(6-5), 738(8-0), 739(5-4), 740(8-16), 741(6-4), 742(4-19), 743ਮਿਨ(4-4), 744(9-18), 745(6-5), 746(6-5), 747(6-5), 748(6-5), 749(6-5), 750(6-5), 751(6-5), 752(6-5), 753(6-5), 754(6-5), 755(6-5), 756(6-5), 757(6-5), 758(6-5), 759(6-5), 760(9-10), 761(9-3), 762(6-5), 763(5-8) ਕੁੱਲ 206 ਬਿਘੇ-8 ਬਿਸਵਾ (42 ਏਕੜ) |

5. ਉਪਰੋਕਤ ਵਿਭਾਗ ਜਿਸ ਮੰਤਵ ਲਈ ਇਹ ਜਮੀਨ ਲੈ ਰਿਹਾ ਹੈ, ਉਸੇ ਮੰਤਵ ਲਈ ਇਸ ਦੀ ਵਰਤੋਂ ਕਰੇਗਾ। ਜੇਕਰ ਉਹ ਇਸ ਜਮੀਨ ਦੀ ਵਰਤੋਂ ਕਿਸੇ ਹੋਰ ਮੰਤਵ ਲਈ ਕਰੇਗਾ ਤਾਂ ਇਹ ਜਮੀਨ ਮੁੜ ਪੰਚਾਇਤ ਵਿੱਚ ਵੈਸਟ (ਸ਼ਾਮਲ) ਕਰ ਦਿੱਤੀ ਜਾਵੇਗੀ।

ਕੁਮਾਰ ਅਮਿਤ, ਆਈ.ਏ.ਐਸ,
ਡਿਪਟੀ ਕਮਿਸ਼ਨਰ,
ਪਟਿਆਲਾ।

ਪਿੱਠ ਅੰਕਣ ਨੰ: 1665-73 /ਡੀ.ਏ ਮਿਤੀ: 10-9-2021

ਉਪਰੋਕਤ ਦਾ ਉਤਾਰਾ:-

1. ਵਿੱਤੀ ਕਮਿਸ਼ਨਰ ਅਤੇ ਸਕੱਤਰ, ਪੰਜਾਬ ਸਰਕਾਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਜੀ ਨੂੰ।
2. ਸਕੱਤਰ ਉਚੇਰੀ ਸਿੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਨੂੰ।
3. ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ, ਮੋਹਾਲੀ ਜੀ ਨੂੰ।
4. ਡਵੀਜਨਲ ਡਿਪਟੀ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ, ਪਟਿਆਲਾ ਨੂੰ।
5. ਰਜਿਸਟਰਾਰ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ
6. ਉਪ ਮੰਡਲ ਮੈਜਿਸਟ੍ਰੇਟ ਪਟਿਆਲਾ ਨੂੰ।
   ਸੂਚਨਾ ਹਿੱਤ ਭੇਜਿਆ ਜਾਂਦਾ ਹੈ।
7. ਤਹਿਸੀਲਦਾਰ ਪਟਿਆਲਾ ਨੂੰ ਉਕਤ ਹੁਕਮਾਂ ਦੀ ਪਾਲਣਾ ਹਿੱਤ ਭੇਜਿਆ ਜਾਂਦਾ ਹੈ।
8. ਬੀ.ਡੀ.ਪੀ.ਓ ਪਟਿਆਲਾ ਨੂੰ ਉਹਨਾਂ ਦੇ ਪੱਤਰ ਨੰ:3700 ਮਿਤੀ 08-9-2021 ਦੇ ਹਵਾਲੇ ਵਿੱਚ।
9. ਸਰਪੰਚ, ਗਰਾਮ ਪੰਚਾਇਤ ਤਰੋੜਾ ਕਲਾਂ, ਬਲਾਕ ਪਟਿਆਲਾ ਨੂੰ।
   ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਕਮਿਸ਼ਨਰ,
ਪਟਿਆਲਾ।



Scanned with CamScanner